# ਗੁੰਮ ਨੇ ਰਸੋਈ ਵਿਚੋਂ ...

ਗੁੰਮ ਨੇ ਰਸੋਈ ਵਿਚੋਂ ਚਾਟੀਆਂ ਮਧਾਣੀਆਂ।
ਬਰਗਰਾਂ ਤੇ ਪੀਜ਼ਿਆਂ ਨੇ ਪੱਟੀਆਂ ਸੁਆਣੀਆਂ।

ਖਾਣ ਪੀਣ ਪਹਿਰਾਵਾ ਆਪਣਾ ਗੁਆਚਿਆ,
ਵਗੀਆਂ ਨੇ ਪੱਛਮੀ ਹਵਾਵਾਂ ਮਰ ਜਾਣੀਆਂ।

ਏ.ਸੀ. ਕੂਲਰਾਂ ਦੇ ਹੁਣ ਹੋ ਗਏ ਮੁਥਾਜ ਨੇ,
ਜਿਹੜਿਆਂ ਜਵਾਨਾਂ ਹਿੱਕਾਂ ਲੂਆਂ 'ਚ ਸੀ ਤਾਣੀਆਂ।




ਨੌਂ ਨੌਂ ਇੰਚ ਗੱਦਿਆਂ ਤੇ ਹੁੰਦੀਆਂ ਨਸੀਬ ਨਾ,
ਨੀਂਦਰਾਂ ਜੋ ਦਿੰਦੀਆਂ ਸੀ ਮੰਜੀਆਂ ਅਲਾਣੀਆਂ।

ਦੌਰੀ-ਡੰਡੇ, ਚੱਕੀਆਂ, ਉੱਖਲੀਆਂ ਤੇ ਚਰਖੇ,
ਸੈਂਕੜੇ ਹੀ ਮੋਈਆਂ ਚੀਜ਼ਾਂ ਹੋ ਕੇ ਨਿਮਾਣੀਆਂ।

ਖੁਰਲੀ ਤੋਂ ਵਹਿੜਕੇ ਬਲਦ ਕਿੱਥੇ ਤੁਰ ਗਏ,
ਕਿੱਥੇ ਗਏ ਕਿੱਲੀਆਂ ਤੋਂ ਘੁੰਗਰੂ ਪਰਾਣੀਆਂ ?

### ਔਖੇ ਸ਼ਬਦਾਂ ਦੇ ਅਰਥ

ਚਾਟੀਆਂ : ਦੁੱਧ ਰਿੜਕਨ ਵਾਲਾ ਮਿੱਟੀ ਦਾ ਭਾਂਡਾ

ਮਧਾਣੀਆਂ : ਦਹੀਂ ਆਦਿ ਰਿੜਕਣ ਦਾ ਸੰਦ, ਮਥਨੀ

ਪੱਟੀਆਂ : ਧਿਆਨ ਉਖੇੜਨਾ

ਸੁਆਣੀਆਂ : ਪਤਨੀ, ਔਰਤ, ਘਰਵਾਲੀ

ਪਹਿਰਾਵਾ : ਪੁਸ਼ਾਕ, ਕੱਪੜਾ, ਬਾਣਾ, ਵੇਸ

ਪੱਛਮੀ ਹਵਾਵਾਂ: ਪੱਛਮੀ ਦੇਸ਼ਾਂ ਦਾ ਪ੍ਰਭਾਵ

ਮੁਥਾਜ : ਅਧੀਨ, ਲੋੜਵੰਦ, ਚਾਹਵਾਨ

ਹਿੱਕਾਂ ਲੂਆਂ 'ਚ ਸੀ ਤਾਣੀਆਂ : ਗਰਮ ਹਵਾ ਵਿਚ ਕੰਮ ਕਰਨਾ

ਨੀਂਦਰਾਂ : ਨੀਂਦ ਦਾ ਬਹੁਵਚਨ

ਅਲਾਣੀਆਂ : ਬਿਨਾਂ ਵਿਛਾਉਣੇ ਦੇ ਵਾਣ ਦੀ ਮੰਜੀ

ਦੌਰੀ-ਡੰਡੇ : ਮਿਰਚ-ਮਸਾਲਾ ਰਗੜਨ ਵਾਸਤੇ ਕੂੰਡਾ ਘੋਟਣਾ

ਚੱਕੀਆਂ : ਆਟਾ ਆਦਿ ਪੀਸਣ ਵਾਲਾ ਜੰਤਰ

ਉੱਖਲੀਆਂ : ਧਰਤੀ ਵਿਚ ਗੱਡੇ ਡੂੰਘੇ ਭਾਂਡੇ

ਮੋਈਆਂ : ਖ਼ਤਮ ਹੋ ਗਈਆਂ

ਨਿਮਾਣੀਆਂ : ਝੁਕੀਆਂ, ਦੀਨ, ਵਿਚਾਰੀਆਂ

ਖੁਰਲੀ : ਪਸ਼ੂ ਦੇ ਚਰਨ ਦੀ ਥਾਂ, ਖੌਲੀ

ਵਹਿੜਕੇ : ਵੱਛੇ, ਜਵਾਨ ਬਲਦ

ਘੁੰਗਰੂ : ਛੋਟੀ ਘੰਟੀ

ਪਰਾਣੀਆਂ : ਬਲਦ ਨੂੰ ਹਿੱਕਣ ਵਾਲੀ ਸੋਟੀ, ਜਿਸ ਅੱਗੇ ਕਿੱਲ/ ਆਰ ਲੱਗੀ ਹੁੰਦੀ ਹੈ।

**ਔਖੇ ਸ਼ਬਦਾਂ ਦੇ ਅਰਥ**

ਤਾਹੀਓਂ :ਤਾਂ ਹੀ
ਅਪਣੱਤ :ਆਪਣਾਪਨ
ਜੀਣ-ਜੁਗਤਾਂ :ਜੀਵਨ ਜਾਚ, ਜਿਊਣ ਦਾ ਢੰਗ
ਨਿਤਾਣੀਆਂ :ਕਮਜ਼ੋਰ, ਸ਼ਕਤੀਹੀਣ
ਪਿਛਲੱਗ :ਰੀਸ ਕਰਨ ਵਾਲੇ, ਕਹਿਣਾ ਮੰਨਣ ਵਾਲੇ
ਗੁਆਈ :ਗੁਆ ਲਈ



ਹੁਣ ਤਾਂ ਸਮਝ ਅਸੀਂ ਸਕਦੇ ਹਾਂ ਤਾਹੀਓਂ,
ਇੰਗਲਿਸ਼ 'ਚ ਦੱਸੋ ਸਾਨੂੰ ਸਾਡੀਆਂ ਕਹਾਣੀਆਂ।

ਦਿਲ ਮੋਹ ਪਿਆਰ ਅਪਣੱਤ ਸਾਂਝ ਛੱਡ ਗਏ,
ਸਾਡੀਆਂ ਹੋ ਗਈਆਂ ਜੀਣ-ਜੁਗਤਾਂ ਨਿਤਾਣੀਆਂ।

'ਨੀਰ' ਪਿਛਲੱਗ ਸਭ ਹੋਏ ਅੰਗਰੇਜ ਦੇ,
ਆਪਣੀ ਗੁਆਈ ਏ ਪਛਾਣ ਪੰਜ ਪਾਣੀਆਂ।



**ਕਸ਼ਮੀਰ ਨੀਰ**

## ਟਿੱਪਣੀ

ਇਸ ਗ਼ਜ਼ਲ ਵਿਚ ਸ਼ਾਇਰ ਕਸ਼ਮੀਰ ਨੀਰ ਨੇ ਪੰਜਾਬੀ ਸਭਿਆਚਾਰ ਦੇ ਬਦਲਦੇ ਰੂਪ ਨੂੰ ਪੇਸ਼ ਕੀਤਾ ਹੈ। ਇਸ ਲਈ ਉਸ ਨੇ ਪੰਜਾਬੀਆਂ ਦੇ ਅੰਗ-ਸੰਗ ਵਿਚਰਨ ਵਾਲੇ ਜਾਨਵਰਾਂ, ਪਹਿਰਾਵੇ ਤੇ ਵਸਤਾਂ ਦੀ ਹੋਂਦ ਖ਼ਤਮ ਹੋਣ ਉੱਪਰ ਆਪਣੀ ਮਾਯੂਸੀ ਪ੍ਰਗਟ ਕੀਤੀ ਹੈ। ਇਸ ਲਈ ਉਸ ਨੇ ਪੱਛਮੀ ਸੱਭਿਆਚਾਰ ਦੀ ਅੰਨ੍ਹੇਵਾਹ ਨਕਲ ਕਰਨ ਦੇ ਰੁਝਾਨ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਹੈ। ਗ਼ਜ਼ਲ ਵਿਚ ਇਸ ਤੱਥ ਉੱਪਰ ਜ਼ੋਰ ਦਿੱਤਾ ਹੈ ਕਿ ਪੰਜਾਬੀ ਘਰਾਂ ਦੀ ਨੁਹਾਰ ਹੀ ਬਦਲ ਚੁੱਕੀ ਹੈ। ਲੋਕ ਅੰਗਰੇਜ਼ਾਂ ਦੀ ਰੀਸ ਕਰਕੇ ਆਪਣੀ ਪੰਜ ਦਰਿਆਵਾਂ ਦੀ ਧਰਤੀ ਯਾਨੀ ਪੰਜਾਬ ਦੇ ਸਭਿਆਚਾਰ ਦੀ ਪਛਾਣ ਹੀ ਗੁਆ ਰਹੇ ਹਨ।

## ਅਭਿਆਸ

**1. ਦੱਸੋ ਖਾਂ ਭਲਾ :**

(i) ਸਖ਼ਤ ਗਰਮੀ ਵਿਚ ਕੰਮ ਕਰਨ ਵਾਲੇ ਕਿਸ ਦੇ ਮੁਥਾਜ ਹੋ ਗਏ ਹਨ ?
(ii) ਸਾਨੂੰ ਸਾਡੀਆਂ ਕਹਾਣੀਆਂ ਕਿਹੜੀ ਭਾਸ਼ਾ ਵਿਚ ਸਮਝ ਆਉਂਦੀਆਂ ਹਨ ?
(iii) 'ਖੁਰਲੀ' ਤੋਂ ਕੀ ਗ਼ਾਇਬ ਹੋ ਗਿਆ ਹੈ ?
(iv) ਅੰਗਰੇਜ ਦੇ ਪਿਛਲੱਗ ਬਣ ਕੇ ਕੀ ਹੋ ਗਿਆ ਹੈ ?
(v) ਸੁਆਣੀਆਂ ਉਪਰ ਕਿਸ ਦਾ ਅਸਰ ਪੈ ਗਿਆ ਹੈ ?
(vi) 'ਅਲਾਣੀ ਮੰਜੀ' ਤੋਂ ਕੀ ਭਾਵ ਹੈ ?
(vii) 'ਦੋਰੀ ਡੰਡੇ' ਦੀ ਵਰਤੋਂ ਕਿਸ ਲਈ ਹੁੰਦੀ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:**

ਖੁਰਲੀ ਤੋਂ ਵਹਿੜਕੇ ਬਲਦ ਕਿੱਥੇ ਤੁਰ ਗਏ,
ਕਿੱਥੇ ਗਏ ਕਿੱਲੀਆਂ ਤੋਂ ਘੁੰਗਰੂ ਪਰਾਣੀਆਂ ?
ਹੁਣ ਤਾਂ ਸਮਝ ਅਸੀਂ ਸਕਦੇ ਹਾਂ ਤਾਹੀਓਂ,
ਇੰਗਲਿਸ਼ 'ਚ ਦੱਸੋ ਸਾਨੂੰ ਸਾਡੀਆਂ ਕਹਾਣੀਆਂ।

(i) ਕਿੱਲੀ ਤੋਂ ਕੀ ਗੁਆਚ ਗਿਆ ਹੈ ?

(ii) ਖੁਰਲੀ ਉੱਪਰ ਕਿਸ ਦੀ ਘਾਟ ਮਹਿਸੂਸ ਹੋ ਰਹੀ ਹੈ ?

(iii) ਹੁਣ ਸਾਨੂੰ ਕਿਹੜੀ ਭਾਸ਼ਾ ਸਮਝ ਆਉਂਦੀ ਹੈ ?

(iv) ਇਨ੍ਹਾਂ ਕਾਵਿ-ਸਤਰਾਂ ਦਾ ਭਾਵ 20-25 ਸ਼ਬਦਾਂ ਵਿਚ ਲਿਖੋ।

**3. ਹੇਠ ਲਿਖੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਗੁੰਮ ਨੇ ਰਸੋਈ ਵਿਚੋਂ ਚਾਟੀਆਂ ਮਧਾਣੀਆਂ।
ਬਰਗਰਾਂ ਤੇ ਪੀਜ਼ਿਆਂ ਨੇ ਪੱਟੀਆਂ ਸੁਆਣੀਆਂ।
ਖਾਣ ਪੀਣ ਪਹਿਰਾਵਾ ਆਪਣਾ ਗੁਆਚਿਆ,
ਵਗੀਆਂ ਨੇ ਪੱਛਮੀ ਹਵਾਵਾਂ ਮਰ ਜਾਣੀਆਂ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ

(i) 'ਪੰਜਾਬੀ ਸੱਭਿਆਚਾਰ ਉੱਪਰ ਪੱਛਮੀ ਪ੍ਰਭਾਵ ਪੈ ਰਿਹਾ ਹੈ ?' ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ ? ਆਪਣੀਆਂ ਦਲੀਲਾਂ ਦਿਉ।

(ii) ਕੀ ਪਰੰਪਰਕ ਪੰਜਾਬੀ ਜੀਵਨ-ਜਾਚ ਨੂੰ ਬਚਾਇਆ ਜਾ ਸਕਦਾ ਹੈ ? ਆਪਣੇ ਸੁਝਾਅ ਪੇਸ਼ ਕਰੋ।

(iii) ਪੰਜਾਬ ਦਾ ਨਾਂ ਕਿੰਨ੍ਹਾਂ ਪੰਜ ਦਰਿਆਵਾਂ ਕਰਕੇ ਹੈ ? ਭਾਰਤ ਦੇ ਨਕਸ਼ੇ ਤੇ ਇਨ੍ਹਾਂ ਦਰਿਆਵਾਂ ਨੂੰ ਚਿਨਹਿਤ ਕਰੋ।

(iv) ਪੰਜਾਬੀ ਦਿਹਾਤੀ ਜੀਵਨ-ਜਾਚ ਨਾਲ ਸੰਬੰਧਤ ਸੰਦਾਂ, ਚੀਜ਼ਾਂ-ਵਸਤਾਂ ਦੀ ਸੂਚੀ ਬਣਾਉ। ਉਨ੍ਹਾਂ ਦੇ ਕੰਮ ਦਾ ਵੇਰਵਾ ਵੀ ਦਿਉ।

(v) ਕਦਰਾਂ ਕੀਮਤਾਂ ਦੇ ਆਧਾਰ ਉੱਪਰ ਸਮਕਾਲੀ ਪੰਜਾਬੀ ਸੱਭਿਆਚਾਰ ਬਾਰੇ ਟਿੱਪਣੀ ਕਰੋ।

### ਅ. ਜੋੜੇ ਬਣਾਉ :

| | |
|---|---|
| ਕੂਲਰ | ਹਵਾ |
| ਮੰਜੀਆਂ | ਦੌਰੀ-ਡੰਡਾ |
| ਘੁੰਗਰੂ | ਧੂਆਂ |
| ਆਬ | ਬਲਦ |
| ਚਟਨੀ | ਅਲਾਣੀਆਂ |